# ਪੰਜਾਬੀ—104
## XII (ਬਾਰ੍ਹਵੀਂ)
## ਟਰਮ I ਪਰੀਖਿਆ ਲਈ
# ਨਮੂਨੇ ਦਾ ਪ੍ਰਸ਼ਨ-ਪੱਤਰ
## (ਨਵੰਬਰ-ਦਸਬੰਰ 2021)

**Time Allowed 90 Minute** | **M.M. 90**

**ਸਮਾਂ 90 ਮਿੰਟ** | **ਕੁੱਲ ਅੰਕ 40**

### *ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

* ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ਼ ਵੇਖ ਕੇ ਹੱਲ ਕੀਤਾ ਜਾਵੇ।
* ਸਾਰੇ ਪ੍ਰਸ਼ਨ ਬਹੁ-ਵਿਕਲਪੀ ਉੱਤਰ ਵਾਲ਼ੇ ਹਨ ਅਤੇ ਹਰ ਪ੍ਰਸ਼ਨ ਦੇ ਅੰਕ ਬਰਾਬਰ ਹਨ ।
* ਉੱਤਰ ਨੂੰ ਧਿਆਨ ਨਾਲ਼ ਲਿਖਿਆ/ਉੱਤਰ-ਸ਼ੀਟ ’ਤੇ ਦਰਜ ਕੀਤਾ ਜਾਵੇ।

**I. ਪੜ੍ਹਨ-ਕੌਸ਼ਲ (Reading Skill) ਪਾਠ-ਪੁਸਤਕ ਦੇ ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ ਭਾਗ ’ਤੇ ਆਧਾਰਿਤ 5+5=10**

**ਹੇਠ ਲਿਖੇ ਦੋ ਵਾਰਤਕ ਪੈਰਿਆਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦੇ ਹੇਠਾਂ ਪੁੱਛੇ ਗਏ ਛੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਦੇ ਉੱਤਰ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਉੱਤਰ ਸ਼ੀਟ ਵਿੱਚ ਲਿਖੋ/ਦਰਜ ਕਰੋ —** (1x5)5

A. ਮੁਕਤਸਰ ਦਾ ਪ੍ਰਸਿੱਧ ਮੇਲਾ, ਮਾਘੀ ਵਾਲੇ ਦਿਨ, ਮੁਕਤਸਰ ਵਿਖੇ ਲੱਗਦਾ ਹੈ। ਇਤਿਹਾਸ ਦੱਸਦਾ ਹੈ ਕਿ 1705 ਈ. ਵਿੱਚ ਮੁਗ਼ਲਾਂ ਦੀਆਂ ਫ਼ੌਜਾਂ, ਗੁਰੂ ਗੋਬਿੰਦ ਸਿੰਘ ਦਾ ਪਿੱਛਾ ਕਰਦੀਆਂ ਮਾਲਵੇ ਦੇ ਇਲਾਕੇ ਵਿੱਚ ਆਈਆਂ ਤਾਂ ਸਿੰਘਾਂ ਨੇ, ਖਿਦਰਾਣੇ (ਅਜੋਕਾ ਮੁਕਤਸਰ) ਦੇ ਤਾਲ ਦੇ ਕੰਢੇ ਵੈਰੀਆਂ ਦਾ ਮੁਕਾਬਲਾ ਕੀਤਾ। ਇਸੇ ਯੁੱਧ ਵਿੱਚ, ਚਾਲ਼ੀ ਸਿੰਘ ਜੋ ਪਹਿਲਾਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ, ਸ਼ਹੀਦ ਹੋਏ। ਗੁਰੂ ਗੋਬਿੰਦ ਸਿੰਘ ਜੀ ਦੇ ਜਥੇਦਾਰ ਮਹਾਂ ਸਿੰਘ ਦੀ ਬੇਨਤੀ ਮੰਨ ਕੇ ਬੇਦਾਵਾ ਪਾੜ ਦਿੱਤਾ ਤੇ ਉਹਨਾਂ ਨਾਲ਼ ਟੁੱਟੀ ਮੁੜ ਗੰਢੀ। ਗੁਰੂ ਜੀ ਨੇ ਇਹਨਾਂ ਸ਼ਹੀਦ ਸਿੰਘਾਂ ਨੂੰ ਮੁਕਤੇ ਕਹਿ ਕੇ ਸਨਮਾਨਿਆ ਅਤੇ ਇਸ ਥਾਂ ਦਾ ਨਾਂ ਮੁਕਤਸਰ ਰੱਖਿਆ। ਮਾਘੀ ਵਾਲੇ ਦਿਨ ਸੰਗਤਾਂ ਹੁੰਮ-ਹੁੰਮਾ ਕੇ ਇੱਥੇ ਆਉਂਦੀਆਂ ਹਨ ਅਤੇ ਮੁਕਤਸਰ ਦੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਦੀਆਂ ਹਨ।

(1) **ਮਾਘੀ ਦਾ ਪ੍ਰਸਿੱਧ ਮੇਲਾ ਕਿੱਥੇ ਲੱਗਦਾ ਹੈ ?**

(i) ਪਟਿਆਲਾ (iii) ਮਲੋਟ

(ii) ਮੁਕਤਸਰ (iv) ਮਲੇਰਕੋਟਲਾ

(2) **ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਦੀ ਬੇਨਤੀ ਮੰਨ ਕੇ ਬੇਦਾਵਾ ਲਿਖ ਕੇ ਆਏ ਹੋਏ ਸਿੰਘਾਂ ਦਾ ਬੇਦਾਵਾ ਪਾੜ ਦਿੱਤਾ?**

(**i**) ਬੇਅੰਤ ਸਿੰਘ (**ii**) ਸੰਗਤ ਸਿੰਘ

(**iii**) ਮਹਾਂ ਸਿੰਘ (**iv**) ਬਚਿੱਤਰ ਸਿੰਘ

(3) **ਗੁਰੂ ਗੋਬਿੰਦ ਸਿੰਘ ਜੀ ਦਾ ਮੁਕਾਬਲਾ ਕਿਨ੍ਹਾਂ ਨਾਲ਼ ਹੋਇਆ?**

(**i**) ਪਠਾਣਾਂ (**ii**) ਮੁਗ਼ਲਾਂ

(**iii**) ਅੰਗਰੇਜ਼ਾਂ (**iv**) ਪਹਾੜੀਆਂ

(4) **ਅਜੋਕੇ ਮੁਕਤਸਰ ਦਾ ਪਹਿਲਾਂ ਕੀ ਨਾਂ ਸੀ?**

(**i**) ਖਿਧਰਾਨਾ (**ii**) ਖਿਦਰਾਣਾ

(**iii**) ਖੀਦਰਾਣਾ (**iv**) ਇਹਨਾਂ ਵਿਚੋਂ ਕੋਈ ਨਹੀਂ

(5) **ਗੁਰੂ ਜੀ ਨੇ ਬੇਦਾਵਾ ਪਾੜ ਕੇ ਟੁੱਟੀ ਮੁੜ.......... (ਖਾਲੀ ਥਾਂ ਲਈ ਸ਼ਬਦ ਚੁਣੋ)**

(**i**) ਜੋੜੀ (**ii**) ਗੰਢੀ

(**iii**) ਗੰਡੀ (**iv**) ਤੋੜੀ

(6) **ਗੁਰੂ ਜੀ ਦਾ ਮੁਗ਼ਲਾਂ ਦਾ ਯੁੱਧ ਕਿਸ ਦੇ ਕਿਨਾਰੇ ਹੋਇਆ?**

(**i**) ਨਦੀ (**ii**) ਤਾਲਾਬ

(**iii**) ਤਾਲ (**iv**) ਨਹਿਰ

**B**. ਰੋਸ਼ਨੀ ਦਾ ਮੇਲਾ, ਜਗਰਾਵਾਂ ਵਿੱਚ, ਪ੍ਰਸਿੱਧ ਸੂਫ਼ੀ ਫ਼ਕੀਰ ਅਬਦੁੱਲ ਕਾਦਰ ਜਿਲਾਨੀ ਦੀ ਕਬਰ ਉੱਤੇ ਹਰ ਸਾਲ 14 ਤੋਂ 16 ਫੱਗਣ ਤੱਕ ਲੱਗਦਾ ਹੈ। ਭਾਵੇਂ ਇਹ ਮੇਲਾ ਮੁਸਲਮਾਨੀ ਮੁੱਢ ਦਾ ਹੈ ਪਰ ਇਲਾਕੇ ਦੇ ਹਿੰਦੂ-ਸਿੱਖ ਵੀ ਇਸ ਮੇਲੇ ਵਿੱਚ ਹੁੰਮ-ਹੁੰਮਾ ਕੇ ਸ਼ਾਮਲ ਹੁੰਦੇ ਹਨ। ਦੇਸ ਦੀ ਵੰਡ ਪਿੱਛੋਂ, ਮੁਸਲਮਾਨਾਂ ਦੇ ਪੰਜਾਬ ਵਿੱਚੋਂ ਹਿਜਰਤ ਕਰ ਜਾਣ ਮਗਰੋਂ ਵੀ, ਇਹ ਮੇਲਾ, ਪਹਿਲਾਂ ਵਾਂਗ ਹੀ, ਉਸੇ ਜੋਸ਼ ਤੇ ਉਮੰਗ ਨਾਲ਼ ਲਗਾਤਾਰ ਲੱਗ ਰਿਹਾ ਹੈ। ਇਸ ਮੇਲੇ ਦਾ ਨਾਂ 'ਰੌਸ਼ਨੀ' ਇਸ ਲਈ ਪਿਆ ਕਿ ਮੇਲੇ ਦੇ ਦਿਨੀਂ ਪੀਰ ਦੀ ਕਬਰ ਉੱਤੇ ਅਨੇਕਾਂ ਚਿਰਾਗ਼ ਬਾਲ਼ੇ ਜਾਂਦੇ ਹਨ, ਜਿਨ੍ਹਾਂ ਦੀ ਰੋਸ਼ਨੀ ਕਾਫ਼ੀ ਦੂਰੋਂ ਵਿਖਾਈ ਦਿੰਦੀ ਹੈ ਤੇ ਅਲੌਕਿਕ ਦ੍ਰਿਸ਼ ਪੇਸ਼ ਕਰਦੀ ਹੈ। ਇਸ ਮੇਲੇ ਦਾ ਆਪਣਾ ਜਲੌ ਹੈ। (1X5)**5**

(7) **ਜਗਰਾਵਾਂ ਵਿੱਚ ਫੱਗਣ ਦੇ ਮਹੀਨੇ ਲੱਗਣ ਵਾਲੇ ਮੇਲੇ ਨੂੰ ਕੀ ਕਿਹਾ ਜਾਂਦਾ ਹੈ?**

(**i**) ਬਾਬੇ ਦਾ ਮੇਲਾ (**ii**) ਚਿਰਾਗਾਂ ਦਾ ਮੇਲਾ

(**iii**) ਜਗਰਾਵਾਂ ਦੀ ਰੌਸ਼ਨੀ (**iv**) ਬਿਜਲੀ ਦਾ ਮੇਲਾ

(8) **ਸੂਫ਼ੀ ਫ਼ਕੀਰ ਅਬਦੁੱਲ ਕਾਦਰ ਦੀ ਕਬਰ 'ਤੇ ਲੱਗਣ ਵਾਲ਼ੇ ਮੇਲੇ ਦਾ ਮੁੱਢ ਕੀ ਹੈ?**

(**i**) ਪਾਕਿਸਤਾਨੀ (**ii**) ਮੁਸਲਮਾਨੀ

(**iii**) ਹਿੰਦੁਸਤਾਨੀ (**iv**) ਰੋਸ਼ਨਦਾਨੀ

(9) ਮੇਲੇ ਦਾ ਨਾਂ ਰੋਸ਼ਨੀ ਕਿਉਂ ਪਿਆ?

(i) ਬੱਤੀਆਂ ਜਗਾਉਣ ਕਰਕੇ (ii) ਮੋਮਬੱਤੀਆਂ ਜਗਾਉਣ ਕਰਕੇ

(iii) ਚਿਰਾਗ ਬਾਲ਼ਣ ਕਰਕੇ (iv) ਇਹਨਾਂ ਵਿਚੋਂ ਕੋਈ ਨਹੀਂ

(10) ਜਲੌ ਦਾ ਕੀ ਅਰਥ ਹੈ?

(i) ਰੌਣਕ (ii) ਵਡਿਆਈ

(iii) ਆਲਾ-ਦੁਆਲਾ (iv) ਖੇਡ ਦਾ ਮੈਦਾਨ

(11) ਪੈਰੇ ਦੇ ਆਧਾਰ 'ਤੇ ਦੱਸੋ ਕਿ ਦੇਸ ਦੀ ਵੰਡ ਪਿੱਛੋਂ ਮੁਸਲਮਾਨ ਕਿੱਥੋਂ ਹਿਜ਼ਰਤ ਕਰ ਗਏ ਸਨ?

(i) ਹਿਮਾਚਲ (ii) ਪੰਜਾਬ

(iii) ਰਾਜਸਥਾਨ (iv) ਹਰਿਆਣਾ

(12) ਚਿਰਾਗਾਂ ਦੀ ਰੌਸ਼ਨੀ ਕਾਫ਼ੀ ਦੂਰੋਂ ਹੀ ..........ਦ੍ਰਿਸ਼ ਪੇਸ਼ ਕਰਦੀ ਹੈ। (ਖਾਲੀ ਥਾਂ ਤੇ ਢੁਕਵਾਂ ਸ਼ਬਦ ਭਰੋ)

(i) ਰੁਮਾਂਚਿਕ (ii) ਚਾਨਣ ਦਾ

(iii) ਅਲੌਕਿਕ (iv) ਰੂਹਾਨੀ

## II. ਵਿਹਾਰਕ ਵਿਆਕਰਨ (Grammar) (ਬਹੁ-ਵਿਕਲਪੀ ਪ੍ਰਸ਼ਨ) 4+10=14

C. **ਵਾਕ-ਵਟਾਂਦਰਾ** (ਪੁੱਛੇ ਗਏ ਅਨੁਸਾਰ **ਪੰਜ ਪ੍ਰਸ਼ਨਾਂ** ਵਿੱਚੋਂ ***ਕੋਈ ਚਾਰ*** ਹੱਲ ਕਰੋ) (1X4)4

13. ਕਿਸੇ ਵਾਕ ਨੂੰ ਉਸ ਦੇ ਅਰਥਾਂ ਵਿੱਚ ਫ਼ਰਕ ਪਾਏ ਬਗ਼ੈਰ ਬਦਲਣ ਨੂੰ ਕੀ ਕਹਿੰਦੇ ਹਨ?

(i) ਵਾਕ-ਵਟਾਂਦਰਾ (ii) ਵਾਕ-ਬਣਤਰ

(iii) ਵਾਕ-ਉਪਵਾਕ (iv) ਵਾਕੰਸ਼

14. 'ਆਪਣਾ ਨਾਂ ਦੱਸੋ।' ਵਾਕ ਤੋਂ ਪ੍ਰਸ਼ਨ-ਵਾਚਕ ਵਾਕ ਚੁਣੋ।

(i) ਤੁਹਾਡਾ ਨਾਂ ਕੀ ਹੈ? (ii) ਕੀ ਤੁਹਾਡਾ ਨਾਂ ਹੈ?

(iii) ਤੁਹਾਡਾ ਕੀ ਨਾਂ ਹੈ? (iv) ਤੁਹਾਡਾ ਹੈ ਕੀ ਨਾਂ?

15. 'ਮੈਨੂੰ ਹੈਰਾਨੀ ਹੈ ਕਿ ਉਹ ਫ਼ੇਲ੍ਹ ਕਿਵੇਂ ਹੋ ਗਿਆ।' ਵਾਕ ਨੂੰ ਵਿਸਮਿਕ-ਵਾਕ ਵਿੱਚ ਬਦਲੋ।

(i) ਉਹ ਫ਼ੇਲ੍ਹ ਹੋ ਗਿਆ। (ii) ਹੈਂ! ਉਹ ਫ਼ੇਲ੍ਹ ਹੋ ਗਿਆ।

(iii) ਕਾਸ਼! ਉਹ ਫ਼ੇਲ੍ਹ ਹੋ ਗਿਆ। (iv) ਹਾਏ! ਉਹ ਫ਼ੇਲ੍ਹ ਹੋ ਗਿਆ।

16. 'ਪੈਸੇ ਤੋਂ ਬਿਨਾਂ ਗੁਜ਼ਾਰਾ ਨਹੀਂ ਹੋ ਸਕਦਾ।' ਕਿਸ ਕਿਸਮ ਦਾ ਵਾਕ ਹੈ।

(i) ਸਧਾਰਨ (ii) ਨਾਂਹ-ਵਾਚਕ

(iii) ਸੰਯੁਕਤ ਵਾਕ (iv) ਮਿਸ਼ਰਤ ਵਾਕ

17. **'ਪ੍ਰਭਾਤ ਏਨਾ ਹੁਸ਼ਿਆਰ ਨਹੀਂ ਜਿੰਨਾ ਅਮਨ।' ਇਸ ਨਾਂਹ-ਵਾਚੀ ਵਾਕ ਦਾ ਹਾਂ-ਵਾਚੀ ਵਾਕ ਸਰੂਪ ਚੁਣੋ—**

(**i**) ਪ੍ਰਭਾਤ ਅਮਨ ਜਿੰਨਾ ਹੁਸ਼ਿਆਰ ਹੈ। (**ii**) ਪ੍ਰਭਾਤ ਅਮਨ ਨਾਲੋਂ ਹੁਸ਼ਿਆਰ ਹੈ।

(**iii**) ਅਮਨ ਪ੍ਰਭਾਤ ਨਾਲ਼ੋਂ ਹੁਸ਼ਿਆਰ ਹੈ। (**iv**) ਅਮਨ ਪ੍ਰਭਾਤ ਜਿੰਨਾ ਹੁਸ਼ਿਆਰ ਨਹੀਂ।

18. **ਸਧਾਰਨ-ਵਾਕ ਚੁਣੋ—**

(**i**) ਉਹ ਲਾਲਚੀ ਵੀ ਹੈ ਤੇ ਕਮੀਨਾ ਵੀ। (**ii**) ਉਹ ਲਾਲਚੀ ਤੇ ਕਮੀਨਾ ਹੈ।

(**iii**) ਉਹ ਲਾਲਚੀ-ਕਮੀਨਾ ਹੈ। (**iv**) ਉਹ ਲਾਲਚੀ ਵੀ ਹੈ ਤੇ ਕਮੀਨਾ ਵੀ।

**D.** **ਅਖਾਣ** (ਪੁੱਛੇ ਗਏ ਅਨੁਸਾਰ **ਬਾਰਾਂ ਪ੍ਰਸ਼ਨਾਂ** ਵਿੱਚੋਂ ***ਕੋਈ ਦਸ*** ਹੱਲ ਕਰੋ) (1X10)**10**

19. **'ਸ੍ਵੈ-ਭਰੋਸਾ ਵੱਡਾ ਤੋਸਾ'** ਅਖਾਣ ਲਈ ਸਹੀ ਮੌਕਾ ਹੈ—

(**i**) ਆਪਣੀ ਲਿਆਕਤ 'ਤੇ ਭਰੋਸਾ ਰੱਖਣ ਲਈ ਕਹਿਣ ਸਮੇਂ।

(**ii**) ਆਪਣੀ ਤਾਕਤ 'ਤੇ ਭਰੋਸਾ ਰੱਖਣ ਲਈ ਕਹਿਣ ਸਮੇਂ।

(**iii**) ਆਪਣੇ ਰੁਤਬੇ 'ਤੇ ਭਰੋਸਾ ਰੱਖਣ ਲਈ ਕਹਿਣ ਸਮੇਂ।

(**iv**) ਆਪਣੇ ਆਪ 'ਤੇ ਭਰੋਸਾ ਰੱਖਣ ਲਈ ਕਹਿਣ ਸਮੇਂ।

20. ਆਮ ਤੌਰ ਤੇ ਪਤੀ-ਪਤਨੀ ਇੱਕ-ਦੂਜੇ ਨੂੰ ਖੁਸ਼ ਰੱਖਣ ਦੀ ਨਸੀਹਤ ਸਮੇਂ ਕਿਹੜਾ ਅਖਾਣ ਵਰਤ ਸਕਦੇ ਹਨ?

(**i**) ਹੱਥ ਕੰਗਣ ਨੂੰ ਆਰਸੀ ਪੜ੍ਹੇ ਲਿਖੇ ਨੂੰ ਫ਼ਾਰਸੀ

(**ii**) ਹੱਥ ਨੂੰ ਹੱਥ ਦੀ ਲੋੜ

(**iii**) ਹੱਥ ਨੂੰ ਹੱਥ ਧੋਂਦਾ ਹੈ

(**iv**) ਇੱਕ ਚੁੱਪ ਸੌ ਸੁੱਖ

21. ਖ਼ਰਬੂਜ਼ੇ ਨੂੰ ਵੇਖ ਕੇ .........ਰੰਗ ਬਦਲਦਾ ਹੈ। ਅਖਾਣ ਪੂਰਾ ਕਰਨ ਲਈ ਢੁਕਵਾਂ ਸ਼ਬਦ ਚੁਣੋ—

(**i**) ਤਰਬੂਜ਼ (**ii**) ਮੌਸਮ

(**iii**) ਪੰਛੀ (**iv**) ਖ਼ਰਬੂਜ਼ਾ

22. ..........ਨੂੰ ਹੱਥ ਲਾਇਆ ਸਾਰਾ ........ ਤਿਹਾਇਆ। ਅਖਾਣ ਪੂਰਾ ਕਰੋ।

(**i**) ਘੜੇ, ਘਰ (**ii**) ਘੜੇ, ਪਰਿਵਾਰ

(**iii**) ਘੜੇ, ਮਹੱਲਾ (**iv**) ਘੜੇ, ਟੱਬਰ

23. **'ਹਿੰਗ ਲਗੇ ਨਾ ਫਟਕਰੀ, ਰੰਗ ਚੋਖਾ ਆਵੇ'** ਅਖਾਣ ਕਿਸ ਮੌਕੇ 'ਤੇ ਵਰਤਿਆ ਜਾਣ ਵਾਲ਼ਾ ਅਖਾਣ ਹੈ?

(**i**) ਮਿਹਨਤ ਘੱਟ, ਫਲ਼ ਚੰਗਾ

(**ii**) ਡੁਬਦੇ ਨੂੰ ਬਚਾਉਣ ਸਮੇਂ

(**iii**) ਕਿਸੀ ਦੇ ਚੰਗੇ ਵਿਹਾਰ ਕਾਰਨ ਚੰਗਾ ਅਸਰ

(**iv**) ਉਪਰੋਕਤ ਸਾਰੇ

24. ਪਰਿਵਾਰ ਦੇ ਰੁੱਸਿਆਂ ਨੂੰ ਮਨਾਉਣ ਸਮੇਂ ਕਿਹੜਾ ਅਖਾਣ ਵਰਤਿਆ ਜਾਂਦਾ ਹੈ? ਸਹੀ ਵਿਕਲਪ ਚੁਣੋ—

(i) ਖ਼ੂਨ-ਸਫ਼ੈਦ ਨਹੀਂ ਹੁੰਦਾ

(ii) ਪਾਣੀ ਵਿੱਚ ਸੋਟਾ ਮਾਰਿਆ ਪਾਣੀ ਦੋ ਨਹੀਂ ਹੋ ਜਾਂਦੇ

(iii) ਨਵਾਂ ਨੌਂ ਦਿਨ ਪੁਰਾਣਾ ਸੌ ਦਿਨ

(iv) ਖਿੱਦੋਂ ਫਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ

25. ਜੋ ਰਾਤੀਂ ਜਾਗਣ ਕਾਲ਼ੀਆਂ ਸੋਈ ਖਾਣ..........। **ਲਈ ਅਖਾਣ ਪੂਰਾ ਕਰੋ।**

(i) ਫ਼ਲ (ii) ਬਰਫ਼ੀ

(iii) ਸੁਖਾਲੀਆਂ (iv) ਸੁਖਾਲੇ

26. 'ਹਰ ਨਿੱਕੀ-ਨਿੱਕੀ ਗੱਲ 'ਤੇ ਗੁੱਸਾ ਕਰਨ ਵਾਲ਼ੇ ਨੂੰ ਸਮਝਾਉਣ ਸਮੇਂ' ਕਿਹੜੇ ਅਖਾਣ ਦੀ ਵਰਤੋਂ ਹੋਵੇਗੀ?

(i) ਭਾਂਡਾ ਉਬਲੇਗਾ ਤਾਂ ਆਪਣਾ ਹੀ ਨੁਕਸਾਨ ਕਰੇਗਾ।

(ii) ਤੌੜੀ ਉਬਲੇਗੀ ਤਾਂ ਆਪਣਾ ਹੀ ਨੁਕਸਾਨ ਕਰੇਗੀ।

(iii) ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ।

(iv) ਆਪਣਾ ਆਪ ਸਾੜਨਾ

27. ਜਦੋਂ ਕੁੱਝ ਚੀਜ਼ ਆਪਣੇ ਪਾਸੋਂ ਖੁਸ ਰਹੀ ਹੋਵੇ ਤੇ ਉਸ ਨੂੰ ਕਿਸੀ ਨੂੰ ਦੇ ਕੇ ਭਲਾਈ ਵੀ ਹੋ ਜਾਂਦੀ ਹੈ ਤਾਂ ਕਿਹੜਾ ਅਖਾਣ ਵਰਤਿਆ ਜਾਂਦਾ ਹੈ?

(i) ਅੰਨ੍ਹਾਂ ਵੰਡੇ ਰੇਵੜਿਆਂ ਆਪਣਿਆਂ ਨੂੰ ਦੇਵੇ

(ii) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ

(iii) ਆਪੇ ਮੈਂ ਰੱਜੀ ਪੁੱਜੀ ਆਪੇ ਮੇਰੇ ਬੱਚੇ ਜੀਣ

(iv) ਇਹਨਾਂ ਵਿਚੋਂ ਕੋਈ ਨਹੀਂ

28. ਆਪੇ..........ਤੈਨੂੰ ਕੌਣ ........ । ਅਖਾਣ ਪੂਰਾ ਕਰੋ।

(i) ਫਾਥੜੀਏ, ਫੜਾਏ (ii) ਮਹਾਂਰਥੀ, ਛੁੜਾਏ

(iii) ਫਾਥੜੀਏ, ਛੁੜਾਏ (iv) ਸੈਨਾਪਤੀ, ਮਾਰੇ

29. ਕਿਸੀ ਰੁਤਬੇ ਕਾਰਨ ਇੱਜ਼ਤ ਵਧਣ ਦੇ ਮੌਕੇ ਲਈ ਕਿਹੜਾ ਅਖਾਣ ਢੁਕਵਾਂ ਹੈ?

(i) ਆਦਰ ਤੇਰੀ ਪਦਵੀ ਨੂੰ ਬਹਿਣਾ ਤੇਰੇ ਪ੍ਰਭਾਵ ਨੂੰ

(ii) ਕੁਰਸੀਆਂ ਨੂੰ ਸਲਾਮ ਬੰਗਲੇ ਤੋਂ ਇਨਾਮਂ

(iii) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

(iv) ਆਪਣੇ ਹੱਥੀਂ ਆਪੇ ਹੀ ਕਾਜ ਸਵਾਰੀਏ

30. 'ਦੂਜੇ ਦੀ ਰੀਸ ਕਰਨ ਤੋਂ ਵਰਜਣ ਲਈ' ਕਿਹੜਾ ਅਖਾਣ ਵਰਤੋਂਗੇ?

(i) ਬੇਗ਼ਾਨਾ ਮਹਿਲ ਵੇਖ ਕੇ ਆਪਣਾ ਘਰ ਨਹੀਂ ਵੇਚੀਦਾ।

(ii) ਮਹਿਲ ਅਮੀਰਾਂ ਦਾ ਦੁੱਖ ਗ਼ਰੀਬਾਂ ਦਾ।

(iii) ਬੇਗ਼ਾਨੀ ਖ਼ੁਸ਼ੀ ਵੇਖ ਕੇ ਆਪਣੇ ਆਪ ਨੂੰ ਦੋਸ਼ ਨਾ ਦਿਓ।

(iv) ਬੇਗ਼ਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ।

## III. ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ ਬਹੁ-ਵਿਕਲਪੀ ਚੋਣ ਅਧਾਰਿਤ)

**(Text Books based multiple choice questions)** 6+10=16

E, **ਕਵਿਤਾਵਾਂ ਵਿੱਚੋਂ** (ਪੁੱਛੇ ਗਏ ਅਨੁਸਾਰ ਅੱਠ ਪ੍ਰਸ਼ਨਾਂ ਵਿੱਚੋਂ ***ਕੋਈ ਛੇ*** ਹੱਲ ਕਰੋ) (1X6)6

31. **'ਟੁਕੜੀ ਜਗ ਤੋਂ ਨਯਾਰੀ'** ਕਵਿਤਾ ਵਿੱਚ 'ਅਰਸ਼' ਤੋਂ ਕੀ ਭਾਵ ਹੈ?

(i) ਕੁਦਰਤ (ii) ਅਸਮਾਨ

(iii) ਪਹਾੜ (iv) ਨਦੀਆਂ

32. ਕੁਦਰਤ ਦੇਵੀ ਨੇ ਦੌੜ ਕੇ ਕੀ ਭਰ ਲਿੱਤਾ?

(i) ਥਾਲ਼ (ii) ਮੁੱਠੀ

(iii) ਕੌਲੀ (iv) ਚਮਚ

33. **'ਟੁਕੜੀ ਜਗ ਤੋਂ ਨਯਾਰੀ'** ਕਵਿਤਾ ਦੇ ਕਵੀ ਕੌਣ ਹਨ?

(i) ਪ੍ਰੋ. ਪੂਰਨ ਸਿੰਘ (ii) ਭਾਈ ਵੀਰ ਸਿੰਘ

(iii) ਧਨੀ ਰਾਮ ਚਾਤ੍ਰਿਕ (iv) ਪ੍ਰੋ. ਮੋਹਨ ਸਿੰਘ

34. ਕਵਿਤਾ ਵਿੱਚ 'ਸੁਹਣੀ' ਕਿਸ ਲਈ ਵਰਤਿਆ ਗਿਆ ਹੈ?

(i) ਕੁੜੀ ਲਈ (ii) ਦੇਵੀ ਲਈ

(iii) ਪਰੀ ਲਈ (iv) ਕੁਦਰਤ ਦੇਵੀ ਲਈ

35. **'ਤਾਜ ਮਹਲ'** ਕਵਿਤਾ ਕਿਸ ਦੀ ਲਿਖੀ ਹੋਈ ਹੈ?

(i) ਭਾਈ ਵੀਰ ਸਿੰਘ (ii) ਪ੍ਰੋ. ਪੂਰਨ ਸਿੰਘ

(iii) ਪ੍ਰੋ. ਮੋਹਨ ਸਿੰਘ (iv) ਇਹਨਾਂ ਵਿਚੋਂ ਕੋਈ ਨਹੀਂ

36. ਤਾਜ ਮਹਲ ਕਿਸ ਨੇ ਬਣਵਾਇਆ ਸੀ?

(i) ਸ਼ਾਹਜਹਾਂ (ii) ਅਕਬਰ

(iii) ਜਹਾਂਗੀਰ (iv) ਬਾਬਰ

37. **'ਵਗਾਰ'** ਸ਼ਬਦ ਦਾ ਕੀ ਅਰਥ ਹੈ?

(i) ਮਿਹਨਤ (ii) ਪੈਸਾ

(iii) ਬਿਨਾਂ ਪੈਸਿਆਂ ਤੋਂ ਕੀਤਾ ਕੰਮ (iv) ਆਪਣੀ ਮਰਜੀ ਨਾਲ਼ ਕੀਤਾ ਕੰਮ

38. ਕਵੀ ਨੂੰ ਤਾਜ ਮਹੱਲ ਦੀ ਸੁੰਦਰਤਾ ਕਿਵੇਂ ਲੱਗਦੀ ਹੈ?

(i) ਇੱਕ ਛਲਾਵਾ (ii) ਬਹੁਤ ਸੋਹਣੀ

(iii) ਬਹੁਤ ਭੈੜੀ (iv) ਇਹਨਾਂ ਵਿਚੋਂ ਕੋਈ ਨਹੀਂ

**F. ਕਹਾਣੀਆਂ ਵਿੱਚੋਂ** (ਪੁੱਛੇ ਗਏ ਅਨੁਸਾਰ ਬਾਰਾਂ ਪ੍ਰਸ਼ਨਾਂ ਵਿੱਚੋਂ ***ਕੋਈ ਦਸ*** ਹੱਲ ਕਰੋ) (1X10)**10**

39. **'ਸਾਂਝ'** ਕਹਾਣੀ ਦੇ ਲੇਖਕ ਕੌਣ ਹਨ?

(i) ਸੁਜਾਨ ਸਿੰਘ (ii) ਕਰਤਾਰ ਸਿੰਘ

(iii) ਬੇਅੰਤ ਸਿੰਘ (iv) ਇਹਨਾਂ ਵਿਚੋਂ ਕੋਈ ਨਹੀਂ

40. ਸੜਕ ਵਿੱਚ ਕੀ ਉਭਰਿਆ ਹੋਇਆ ਸੀ?

(i) ਰੋੜੇ (ii) ਇੱਟ

(iii) ਲੋਹੇ ਦੀ ਪੱਤੀ (iv) ਗਟਰ ਦਾ ਢੱਕਣ

41. ਜੂਨ ਦੇ ਮਹੀਨੇ ਕਿਹੜਾ ਦੇਸੀ ਮਹੀਨਾ ਹੁੰਦਾ ਹੈ?

(i) ਵਿਸਾਖ (ii) ਜੇਠ

(iii) ਭਾਦੋਂ (iv) ਅੱਸੂ

42. ਹਰ ਪਹਾੜੀ ਦਾ ਭਾਵੇਂ ਕਿੱਡੀ ਉੱਚੀ ਹੋਵੇ ਅੰਤ ਜ਼ਰੂਰ ਹੁੰਦਾ ਹੈ? ਇਹ ਕਥਨ ਕਿੱਥੇ ਦਰਜ ਸੀ? ਕਹਾਣੀ ਦੇ ਅਧਾਰ ਤੇ ਦੱਸੋ।

(i) ਵਾਰਤਕ ਪਾਠ (ii) ਅੰਗਰੇਜ਼ੀ ਦੀ ਕਵਿਤਾ

(iii) ਰਸਾਲੇ ਪਾਠ (ਸ) ਪੰਜਾਬੀ ਕਵਿਤਾ

43. ਸੁੱਕੇ ਨਾਲ਼ੇ ਦੇ ਕੰਢੇ ਕਿਹੜੀ ਝਾੜ ਲੱਗੀ ਹੋਈ ਸੀ?

(i) ਅੱਕ ਦੀ (ii) ਬੇਰੀ ਦੀ

(iii) ਨਿੰਮ ਦੀ (iv) ਤੋਰੀ ਦੀ

44. ਮਾਈ ਪਿੰਡ ਵਿੱਚ ਉਹ ਕਿੱਥੇ ਰਹਿੰਦੀ ਸੀ?

(i) ਮਹਿਲ ਵਿੱਚ (ii) ਆਸ਼ਰਮ ਵਿੱਚ

(iii) ਝੁੱਗੀ ਵਿੱਚ (iv) ਘਰ ਵਿੱਚ

45. ਨੀਲੀ ਦੇ ਗੋਰੇ ਰੰਗ ਦੀ ਤੁਲਨਾ ਕਿਸ ਨਾਲ਼ ਕੀਤੀ ਗਈ ਹੈ?

(i) ਕ੍ਰੀਮ ਨਾਲ਼ (ii) ਮੱਖਣ ਦੇ ਪੇੜੇ ਨਾਲ਼

(iii) ਗਰੀ ਨਾਲ਼ (iv) ਇਹਨਾਂ ਵਿਚੋਂ ਕੋਈ ਨਹੀਂ

46. 'ਨੀਲੀ' ਕਹਾਣੀ ਵਿੱਚ ਨੀਲੀ ਪਾਤਰ ਕੌਣ ਹੈ?

(i) ਬਕਰੀ (ii) ਚਿੜੀ

(iii) ਗਾਂ (iv) ਮੱਝ

47. ਕਰਤਾਰ ਸਿੰਘ ਦੁੱਗਲ ਦੀ ਕਿਹੜੀ ਕਹਾਣੀ ਤੁਹਾਡੇ ਪਾਠ-ਕ੍ਰਮ ਵਿੱਚ ਦਰਜ ਹੈ?

(i) ਕਰਾਮਾਤ (ii) ਪਿੱਪਲ ਪੱਤੀਆਂ

(iii) ਨਵਾਂ ਆਦਮੀ (iv) ਨੀਲੀ

48. ਲੇਖਕ ਨੇ ਗਵਾਲ਼ੇ ਨਾਲ ਕੀ ਸਮਝੌਤਾ ਕੀਤਾ ਸੀ?

(i) ਰੋਜ਼ ਦੁੱਧ ਲੈਣ ਦਾ (i) ਦੁੱਧ ਘਰ ਆ ਕੇ ਕੱਢਣ ਦਾ

(iii) ਨੀਲੀ ਗਾਂ ਦਾ ਦੁੱਧ (iv) ਆਪਣੇ ਸਾਹਮਣੇ ਚਾਰਾ ਖੁਆ ਕੇ ਨੀਲੀ ਦਾ ਦੁੱਧ ਲੈਣ ਦਾ

49. ਨੀਲੀ ਨੇ ਖਾਣਾ-ਪੀਣਾ ਕਿਉਂ ਛੱਡ ਦਿੱਤਾ ਸੀ?

(i) ਬਿਮਾਰ ਸੀ (ii) ਉਦਾਸ ਸੀ

(iii) ਤੰਗ ਕਰਨ ਲਈ (iv) ਆਪਣੇ ਵੱਛੀ ਦੇ ਮਰ ਜਾਣ ਕਰਕੇ

50. ਨੀਲੀ ਮਸਾਲੇ ਦੀ ਟੋਕਰੀ ਵਿੱਚ ਆਪਣੀ.........ਜਮਾਈ, ਹੌਲ਼ੇ ਹੌਲ਼ੇ ਮਸਾਲਾ ਖਾਂਦੀ ਰਹੀ। ਵਾਕ ਪੂਰਾ ਕਰਨ ਲਈ ਸਹੀ ਵਿਕਲਪ ਚੁਣੋ—

(i) ਨਜ਼ਰ (ii) ਜੀਭ

(iii) ਥੂਥਣੀ (iv) ਥੂਥਨੀ